# ਸ਼ੇਖਚਿਲੀ

ਇਕ ਵਾਰ ਸ਼ੇਖਚਿਲੀ ਇਕ ਦਰੱਖਤ ਨੀਚੇ ਸੁਤਾ ਪਿਆ ਸੀ । ਇਕ ਰਾਹੀ ਸਿਰ ਉਤੇ ਤੇਲ ਦਾ ਕੁਪਾ ਚੁਕੀ ਜਾਦਾਂ ਸੀ। ਉਹ ਕਹਿੰਦਾ ਕਿ ਸ਼ੇਖਚਿਲੀ ਤੂੰ ਕੋਈ ਕੰਮ ਕਰ ਲਿਆ ਕਰ । ਸ਼ੇਖਚਿਲੀ ਕਹਿੰਦਾ ਕੋਈ ਕੰਮ ਮਿਲਦਾ ਹੀ ਨਹੀ। ਰਾਹੀ ਕਹਿੰਦਾ ਕਿ ਤੂੰ ਇਹ ਤੇਲ ਦਾ ਕੁਪਾ ਅੱਗਲੇ ਪਿੰਡ ਛੱਡਿਆ। ਮੈ ਤੈਨੂੰ ਦੋ ਰੁਪੱਏ ਦਿਆਗਾ ।ਸ਼ੇਖਚਿਲੀ ਮੰਨ ਗਿਆ । ਸ਼ੇਖਚਿਲੀ ਕੁਪਾ ਚੁਕ ਕੇ ਤੁਰ ਪਿਆ। ਰਾਸਤੇ ਵਿੱਚ ਜਾਂਦਾ-ਜਾਂਦਾ ਉਹ ਸੋਚਣ ਲੱਗ ਗਿਆ। ਕਿ ਉਹ ਦੋ ਰੁਪੱਏ ਵਿੱਚ ਇਕ ਕੁੜਕ-ਮੁਰਗੀ ਅਤੇ ਦਸ ਅੰਡੇ ਲੈ ਕੇ ਆਵੇਗਾ। ਚੰਗਾ ਸਮਾ ਸੀ, ਦਸ ਪੈਸੇ ਅੰਡਾ ਅਤੇ ਇਕ ਰੁਪੱਏ ਦੀ ਮੁਰਗੀ ਆ ਜਾਂਦੀ ਸੀ ।ਸ਼ੇਖਚਿਲੀ ਸੋਚਦਾ ਦਸ ਚੂਚੇ ਹੋਣਗੇ, ਫਿਰ ਉਹਨਾ ਨੂੰ ਵੇਚ ਕੇ ਇਕ ਵੱਛੜੀ ਲਿਆਵਾ ਗਾ। ਫਿਰ ਮੈ ਦੁਧ ਵੇਚਿਆ ਕਰਾਗਾ। ਫਿਰ ਮੇਰੇ ਕੋਲ ਬਹੁਤ ਪੈਸੇ ਹੋ ਜਾਂਣਗੇ। ਫਿਰ ਮੈ ਇਕ ਮਕਾਨ ਪਾਵਾਗਾ ਅਤੇ ਵਿਆਹ ਕਰਵਾਵਾਗਾ। ਫਿਰ ਮੇਰੇ ਬੱਚੇ ਹੋਣਗੇ। ਮੈ ਬੱਚਿਆ ਨੂੰ ਝਿੜਕਿਆ ਕਰਾਗਾ। ਜਿਹੜਾ ਜੁਆਕ ਮੇਰੀ ਗੱਲ ਨਹੀ ਮੰਨਿਆ ਕਰੂ, ਉਹਦੇ ਮੈ ਠੇਡੇ ਮਾਰਿਆ ਕਰਾਗਾ। ਇਹ ਸੋਚਦੇ-ਸੋਚਦੇ ਨੇ ਸੱਚ-ਮੁਚ ਹੀ ਰਾਸਤੇ ਵਿੱਚ ਪਏ ਇਕ ਪੱਥਰ ਨੂੰ ਠੇਡਾ ਮਾਰ ਦਿਤਾ। ਇੰਨੇ ਨੂੰ ਸਿਰ ਉਪਰੋ ਕੁਪਾ ਗਿਰ ਗਿਆ ਅਤੇ ਸਾਰਾ ਤੇਲ ਡੁਲ ਗਿਆ ।ਸ਼ੇਖਚਿਲੀ ਵਿਚਾਰਾ ਨਿਰਾਸ ਹੋ ਗਿਆ।

ਸਿਟਾ ( 1 ): ਇਕ ਸਮੇ ਇਕੋ ਕੰਮ ਕੱਰਨਾ ਚਾਹੀਦਾ ।

ਰਾਹੀ ਕੋਈ ਰੱਬ ਦਾ ਭੇਜਿਆ ਹੋਇਆ ਰੱਬ ਦਾ ਰੂਪ! ਸ਼ੇਖਚਿਲੀ ਨੂੰ ਕਹਿੰਦਾ, ਕੋਈ ਗੱਲ ਨਹੀ । ਹਿੰਮਤ ਨਹੀ ਹਾਰੀ ਦੀ । ਰਾਹੀ ਸੰਮਝ ਗਿਆ, ਤੇ ਉਸਨੇ ਸੇਖਚਿਲੀ ਨੂੰ ਫਿਰ ਵੀ ਦੋ ਰੁਪਏ ਦੇ ਦਿਤੇ । ਇਹੋ ਜਿਹੇ ਰਾਹੀ ਜਿੰਦਗੀ ਵਿੱਚ ਸਿਰਫ ਸੱਚੇ ਅਤੇ ਇਮਾਨਦਾਰ ਲੋਕਾ ਨੂੰ ਮਿਲਦੇ ਰਹੇ ਨੇ, ਇਹ ਅੱਜ ਵੀ ਮਿਲਦੇ ਨੇ, ਅਤੇ ਮਿਲਦੇ ਵੀ ਰਹਿਣਗੇ ।

ਫਿਰ ਸੇਖਚਿਲੀ ਨੇ ਇਕ ਕੁੜਕ-ਮੁਰਗੀ ਤੇ ਦਸ ਅੰਡੇ ਖਰੀਦੇ । ਚੂਚੇ ਨਿਕਲਵਾਏ । ਫਿਰ ਇਕ ਲਵੇਰੀ ਖਰੀਦੀ, ਦੁਧ ਵੇਚਿਆ, ਇਕ ਮਕਾਨ ਪਾਇਆ ਤੇ ਠਾਠ ਨਾਲ ਰਹਿਣ ਲਈ ਇਕ ਘੋੜੀ ਖਰੀਦੀ । ਫਿਰ ਸੇਖਚਿ਼ਲੀ ਨੇ ਇਕ ਵਿਆਹ ਰੱਚਵਾਇਆ । ਖੁਸੀ-ਖੁਸੀ

ਉਹ ਆਪਣੀ ਘਰਵਾਲੀ ਨਾਲ ਰਹਿਣ ਲੱਗਿਆ । ਮਾੜੀ ਕਿਸਮਤ ਫਿਰ ਜਾਗੀ ਕਿ ਉਸਦੇ ਇਕ ਕੁੜੀ ਹੋ ਕੇ ਮਰ ਗਈ । ਦੋਨੋ ਸੇਖਚਿਲੀ ਤੇ ਉਸਦੀ ਬੇਗਮ ਦੁਖੀ ਰਹਿਣ ਲੱਗੇ ।

ਇਕ ਦਿਨ ਇਕ ਠੱਗ ਸਾਧ ਦੇ ਰੂਪ ਵਿੱਚ ਸ਼ੇਖਚਿਲੀ ਦੇ ਘਰ ਆਇਆ । ਸੇਖਚਿਲੀ ਘਰ ਨਹੀ ਸੀ । ਸਾਧ ਬੇਗਮ ਨੂੰ ਕਹਿਦਾ ਕਿ ਬੇਗਮ-ਸਾਹਿਬਾ ਮੈ ਹੁਣੇ-ਹੁਣੇ ਤਿਰਲੋਕ ਵਿਚੋ ਆਇਆ। ਕਿਸੇ ਕਾਰਣ ਕੱਰਕੇ ਮੈਨੂੰ ਨੱਰਕਾ ਵੱਲ ਵੀ ਜਾਣਾ ਪਿਆ ਸੀ । ਉਥੇ ਮੈ ਦੇਖਿਆ ਕਿ ਤੇਰੀ ਲੱੜਕੀ ਭੁਖੀ, ਤੇ ਨੰਗੀ ਘੁਮ ਰਹੀ ਸੀ । ਉਸ ਬੱਚੀ ਕੋਲ ਕੋਈ ਪੈਸਾ-ਧੇਲਾ ਵੀ ਨਹੀ ਸੀ । ਮੈ ਸੋਚਿਆ ਕਿ ਚੱਲੋ ਬੱਚੀ ਦੀ ਮਾਂ ਨੂੰ ਉਸ ਵਾਰੇ ਦੱਸ ਆਵਾ । ਇਸ ਕੱਰਕੇ ਮੈ ਇਹ ਗੱਲ ਤੈਨੂੰ ਦੱਸਣ ਲਈ ਆਇਆ। ਮੈ ਅੱਜ ਹੀ ਵਾਪਸ ਤਿਰਲੋਕ ਵਿਚ ਜਾਣਾ, ਜੇ ਤੂੰ ਕੁਝ ਬੱਚੀ ਲਈ ਭੇਜਣਾ ਤਾ ਦੱਸਦੇ। ਬੇਗਮ ਨੂੰ ਆਪਣੀ ਬੱਚੀ ਤੇ ਤੱਰਸ ਆਇਆ। ਉਸਨੇ ਫੱਟਾਫਟ ਆਪਣੇ ਸਦੂਖ ਚੋ ਸਾਰੇ-ਦੇ-ਸਾਰੇ ਕੱਪੜੇ, ਗੈਹਣੇ ਤੇ ਪੈਸੇ ਕੱਢ ਕੇ ਸਾਧ ਨੂੰ ਦੇ ਦਿਤੇ । ਨਾਲ ਹੀ ਇਕ ਹੱਫਤੇ ਭਰ ਦਾ ਖਾਣਾ ਤਿਆਰ ਕੱਰਕੇ ਦੇ ਦਿਤਾ। ਸਾਧ ਸਾਰਾ ਕੁਝ ਇਕੱਠਾ ਕੱਰਕੇ ਸੇਖਚਿਲੀ ਦੇ ਪਿੰਡ ਤੋ ਨਾਲ ਦੇ ਅੱਗਲੇ ਪਿੰਡ ਨੂੰ ਤੁਰ ਪਿਆ ।

ਇਨੇ ਨੂੰ ਸੇਖਚਿਲੀ ਘਰ ਪਹੁੰਚ ਗਿਆ । ਬੇਗਮ-ਸਹਿਬਾ ਨੇ ਖੁਸੀ-ਖੁਸੀ ਸਾਰਾ ਕੁਝ ਸੇਖਚਿਲੀ ਨੂੰ ਦੱਸ ਦਿਤਾ । ਸ਼ੇਖਚਿਲੀ ਸੰਮਝ ਗਿਆ, ਤੇ ਉਹੋ ਘੋੜੀ ਤੇ ਸਵਾਰ ਹੋ ਕੇ ਸਾਧ ਦੇ ਪਿਛੇ ਚੱਲਾ ਗਿਆ । ਸਾਧ ਨੇ ਦੇਖਿਆ ਕਿ ਸੇਖਚਿਲੀ ਉਸਦੇ ਪਿਛੇ ਆ ਰਿਹਾ । ਜਦੋ ਸੇਖਚਿਲੀ ਨੇ ਸਾਧ ਨੂੰ ਲੱਲਕਾਰਿਆ । ਸਾਧ ਭੱਜ ਕੇ ਇਕ ਬਹੁਤ ਵੱਡੇ ਬਰੋਟੇ ਤੇ ਚੱੜ ਗਿਆ । ਸੇਖਚਿਲੀ ਨੂੰ ਵੀ ਗੁਸਾ ਆਇਆ। ਉਹ ਆਪਣੀ ਘੋੜੀ ਬਰੋਟੇ ਥੱਲੇ ਬੰਨ ਕੇ ਸਾਧ ਨੂੰ ਫੱੜਨ ਲਈ ਸਾਧ ਦੇ ਪਿਛੇ ਬਰੋਟੇ ਤੇ ਚੱੜ ਗਿਆ । ਬਰੋਟੇ ਤੇ ਸਾਧ ਅੱਗੇ-ਅੱਗੇ ਤੇ ਸੇਖਚਿਲੀ ਪਿਛੇ-ਪਿਛੇ । ਇਕ ਟਹਿਣੇ ਤੋ ਦੂਜੇ ਟਹਿਣੇ ਤੇ । ਸਾਧ ਉਸ ਟਹਿਣੇ ਤੇ ਪਹੁਚ ਗਿਆ ਜਿਸ ਥੱਲੇ ਘੋੜੀ ਬੰਨੀ ਹੋਈ ਸੀ । ਉਸ ਟਹਿਣੇ ਤੋ ਉਸ ਸਾਧ ਨੇ ਸਿਧੀ ਘੋੜੀ ਤੇ ਛਾਲ ਮਾਰ ਦਿਤੀ । ਘੋੜੀ ਡੱਰ ਗਈ, ਤੇ ਘੋੜੀ ਨੇ ਜੋਰ ਮਾਰਿਆ ਤੇ ਉਸਦਾ ਰੱਸਾ ਟੁਟ ਗਿਆ। ਸਾਧ ਘੋੜੀ ਲੈ ਕੇ ਭੱਜ ਗਿਆ । ਵਿਚਾਰਾ ਸ਼ੇਖਚਿਲੀ ਵਾਪਸ ਆਪਣੇ ਘਰ ਆ ਗਿਆ । ਤੇ ਨਿਰਸ ਹੋ ਕੇ ਮੰਜੇ ਤੇ ਬੈਠ ਕੇ ਸੋਚਣ ਲੱਗਿਆ। ਬੇਗਮ-ਸਹਿਬਾ ਕਹਿੰਦੇ ਕੇ ਆਪਣੀ ਘੋੜੀ ਕਿਥੇ ਆ। ਸ਼ੇਖਚਿਲੀ ਕਹਿੰਦਾ ਕਿ ਮੈ ਉਹ ਘੋੜੀ ਵੀ ਆਪਣੀ ਬੱਚੀ ਨੂੰ ਦੇ ਆਇਆ ।

ਇਹੋ ਜਿਹੇ ਠੱਗ ਵੀ ਜਿੰਦਗੀ ਵਿੱਚ ਸਿਰਫ ਸੱਚੇ ਅਤੇ ਇਮਾਨਦਾਰ ਲੋਕਾ ਨੂੰ ਮਿਲਦੇ ਰਹੇ ਨੇ, ਇੱਹ ਅੱਜ ਵੀ ਮਿਲਦੇ ਨੇ, ਅਤੇ ਮਿਲਦੇ ਵੀ ਰਹਿਣਗੇ । ਮਿਤਰੋ! ਕਿਸੇ ਨੇ ਸੱਚ ਹੀ ਕਿਹਾ, "ਇਹ ਦੁੱਨੀਆ ਰੰਗ-ਵਰੰਗੀ ਆ, ਕੋਈ ਚੋਰ ਤੇ ਕੋਈ ਸੰਤਸੰਗੀ ਆ"।

ਸਿਟਾ ( 2 ): ਮਾੜਾ-ਚੰਗਾ ਵੱਖਤ ਦੱਸਕੇ ਨਹੀ ਆਉਦਾ।

**Note : On ਸੇਖਚਿਲੀ, I can write 100 of pages, but I need time.**

**Archived at:** www.geocities.com/new_punjabi_songs
**Written by:** Dr. Sarjinder Singh, Visiting Associate Professor of Mathematics, University of Texas, Brownsville, TX 78520, USA
**Note: All opinions are of author's own.**